**SWIS-H**
STATEWIDE INFANT
SCREENING - HEARING



# ਮੇਰੇ ਬੱਚੇ ਦੀ ਸੁਣਨ-ਸ਼ਕਤੀ ਦੀ ਦੋਬਾਰਾ ਜਾਂਚ ਦੀ ਕਿਉਂ ਜ਼ਰੂਰਤ ਹੈ?

ਬਹੁਤ ਸਾਰੇ ਬੱਚਿਆਂ ਦੀ ਸੁਣਨ-ਸ਼ਕਤੀ ਦੀ ਮੁੜ ਜਾਂਚ ਕਰਨ ਦੀ ਜ਼ਰੂਰਤ ਪੈਂਦੀ ਹੈ।

ਇਸ ਦਾ ਮਤਲਬ ਇਹ ਜ਼ਰੂਰੀ ਨਹੀਂ ਹੈ ਕਿ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਵਿੱਚ ਕੋਈ ਨੁਕਸਾਨ ਹੈ। ਦੂਜੀ ਵਾਰ ਜਾਂਚ ਦੇ ਹੋਰ ਕਾਰਣ ਵੀ ਹੋ ਸਕਦੇ ਹਨ।

ਦੋਬਾਰਾ ਜਾਂਚ ਦਾ ਸਭ ਤੋਂ ਆਮ ਕਾਰਣ ਉਹ ਤਰਲ-ਪਦਾਰਥ ਜਾਂ ਕੋਈ ਰੁਕਾਵਟ ਹੁੰਦੀ ਹੈ ਜੋ ਜਨਮ ਤੋਂ ਬਾਅਦ ਤੁਹਾਡੇ ਬੱਚੇ ਦੇ ਕੰਨ ਵਿੱਚ ਹੋ ਸਕਦੀ ਹੈ।

ਬਹੁਤੀ ਵਾਰ ਸੁਣਨ-ਸ਼ਕਤੀ ਦੀ ਮੁੜ ਜਾਂਚ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਹਸਪਤਾਲ ਤੋਂ ਘਰ ਜਾਣ ਤੋਂ ਪਹਿਲਾਂ ਕੀਤੀ ਜਾਵੇਗੀ।

ਜੇ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਹਸਪਤਾਲ ਵਿੱਚ ਹੁੰਦਿਆਂ ਅਜਿਹੀ ਜਾਂਚ ਸੰਭਵ ਨਹੀਂ ਹੈ, ਤਾਂ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਛੇਤੀ ਬਾਅਦ ਤੁਹਾਡੇ ਬੱਚੇ ਨੂੰ ਇੱਕ ਆਊਟਪੇਸ਼ੈਂਟ ਵਜੋਂ ਜਾਂ ਇੱਕ ਸਥਾਨਕ ਕਮਿਊਨਿਟੀ ਸਥਾਨ 'ਤੇ ਉਸ ਦੀ ਸੁਣਨ-ਸ਼ਕਤੀ ਦੀ ਜਾਂਚ ਲਈ ਤੁਹਾਨੂੰ ਪੇਸ਼ਕਸ਼ ਕੀਤੀ ਜਾਵੇਗੀ।

ਇਹ ਵਿਵਰਣਿਕਾ ਤੁਹਾਨੂੰ ਦੇਣ ਵਾਲਾ ਵਿਅਕਤੀ ਤੁਹਾਨੂੰ ਇਹ ਦੱਸੇਗਾ ਕਿ ਸੁਣਨ-ਸ਼ਕਤੀ ਦੀ ਮੁੜ ਜਾਂਚ ਕਦੋਂ ਅਤੇ ਕਿੱਥੇ ਹੋਵੇਗੀ।

## ਨਤੀਜੇ

ਜਿਵੇਂ ਹੀ ਸੁਣਨ-ਸ਼ਕਤੀ ਦੀ ਜਾਂਚ ਮੁਕੰਮਲ ਹੋਵੇਗੀ, ਉਸ ਦੇ ਨਤੀਜਿਆਂ ਦੀ ਵਿਆਖਿਆ ਤੁਹਾਨੂੰ ਸਮਝਾ ਦਿੱਤੀ ਜਾਵੇਗੀ ਅਤੇ ਉਹ ਤੁਹਾਡੇ ਬੱਚੇ ਦੇ ਨਿਜੀ ਸਿਹਤ ਰਿਕਾਰਡ (ਬਲੂ ਬੁੱਕ) (Personal Health Record (Blue Book)) ਵਿੱਚ ਦਰਜ ਕੀਤੀ ਜਾਵੇਗੀ।

ਜੇ ਸੁਣਨ-ਸ਼ਕਤੀ ਦੀ ਮੁੜ ਜਾਂਚ ਵੀ ਕੋਈ ਸਪੱਸ਼ਟ ਨਤੀਜਾ ਨਹੀਂ ਦਰਸਾਉਂਦੀ, ਤਾਂ ਤੁਹਾਡੇ ਬੱਚੇ ਨੂੰ ਇੱਕ ਆਡੀਓਲੌਜਿਸਟ (Audiologist) ਕੋਲ ਸੁਣਨ-ਸ਼ਕਤੀ ਦੇ ਇੱਕ ਡਾਇਓਗਨੌਸਟਿਕ ਮੁਲੰਕਣ ਲਈ ਭੇਜਿਆ ਜਾਵੇਗਾ। ਇੱਕ ਆਡੀਓਲੌਜਿਸਟ ਸੁਣਨ-ਸ਼ਕਤੀ ਦੀ ਪਰਖ ਕਰਨ ਦਾ ਮਾਹਿਰ ਹੁੰਦਾ ਹੈ।

ਜਿੰਨੀ ਛੇਤੀ ਵੀ ਸੰਭਵ ਹੋ ਸਕੇ ਇਹ ਪਤਾ ਲਾਉਣਾ ਮਹੱਤਵਪੂਰਣ ਹੁੰਦਾ ਹੈ ਕਿ ਤੁਹਾਡੇ ਬੱਚੇ ਨੂੰ ਕਿੰਨੀ ਚੰਗੀ ਤਰ੍ਹਾਂ ਸੁਣਦਾ ਹੈ ਤਾਂ ਜੋ ਤੁਹਾਨੂੰ ਤੇ ਤੁਹਾਡੇ ਬੱਚੇ ਨੂੰ ਸਹੀ ਸਲਾਹ ਅਤੇ ਸਹਾਇਤਾ ਮਿਲ ਸਕੇ।

### ਹੋਰ ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਹੇਠ ਦਿਤੀ ਵੈਬਸਾਈਟ ਵੇਖੋ:

http://www.health.nsw.gov.au/kids-families

ਸਥਾਨਕ ਸੰਪਰਕ/ਮਿਲਣ ਦੇ ਸਮੇਂ ਦੇ ਵੇਰਵੇ

ਸਿਹਤ ਬਾਰੇ ਸਲਾਹ ਲਈ *healthdirect Australia* ਨਾਲ ਸੰਪਰਕ ਕਰੋ
http://www.healthdirect.gov.au/
**1800 022 222**

**Punjabi** - Why does my baby need a repeat hearing screen?

NSW GOVERNMENT | Health

© NSW Health September 2016 SHPN (NKF) 150202